੧ਓ ਸ੍ਰੀ ਵਾਹਿਗੁਰੂ ਜੀ ਕੀ ਫਤਿਹ ॥

ਨਿਰਗੁਨੀਆਰੇ ਗੁਨੁ ਨਹੀ ਕੋਈ
ਤੁਮ ਦਾਨੁ ਦੇਹੁ ਮਿਹਰਵਾਨਾ ॥

# ਸਾਈਂ ਲੋਕਾਂ ਦੇ ਸੌ ਬਚਨ


## ਸੰਕਲਤ ਕਰਤਾ: ਸ੍ਰੀ ਮਾਨ ਭਾਈ ਸਾਹਿਬ
## ਡਾਕਟਰ ਵੀਰ ਸਿੰਘ ਜੀ



ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਜੀ ਦੀ ਆਗਿਆਨੁਸਾਰ
ਉਹਨਾਂ ਦੇ ਟ੍ਰੈਕਟ ਨੰ: ੯੦੦ ਦਾ ਪੁਨਰ ਪ੍ਰਕਾਸ਼ਨ

ਸਾਧ ਸੰਗਤ ਦੀ ਸੇਵਾ ਵਿਖੇ ਪ੍ਰੇਮ ਭੇਟਾ, ਵਲੋਂ :–

ਸ਼: ਆਤਮ ਸਿੰਘ ਕੋਹਲੀ ਐਂਡ ਬਰਦਰਜ਼
੩੫੦/੫੪ ਕਾਬਾ ਬਾਜ਼ਾਰ,
ਬੰਬਈ–੯

ਤੀਜੀ ਵਾਰ ੧੨੫੦ ੧੨–੮–੧੯੬੭

---

printed at The Veekay Weekly (Ptg. Press),
Mahim, Bombay-16.



ਭਾਈ ਸਾਹਿਬ ਵੀਰਸਿੰਘ ਸਟੱਡੀ ਸਰਕਲ

੯੧-ਸੀ, ਡੀਫੈਂਸ ਕਾਲਨੀ, ਨਵੀਂ ਦਿੱਲੀ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

https://archive.org/details/namdhari

੧. ਜਾਗ ਸੌਣ ਦਾ ਵੇਲਾ ਨਹੀਂ, ਤੇਰੇ ਪਿਛੇ ਰੋਗ, ਜਰਾ ਤੇ ਮੌਤ ਲਗੇ ਹੋਏ ਹਨ, ਅਜੇਹੀ ਹਾਲਤ ਵਿਚ ਇਸ ਸੰਸਾਰ ਰੂਪੀ ਸਰਾਂ ਵਿਚ ਆਰਾਮ ਨਾਲ਼ ਕਿਵੇਂ ਸੌਂ ਸਕਦਾ ਹੈਂ ?

੨. ਸੰਸਾਰ ਵਿਚ ਕੋਈ ਮੰਤ੍ਰ ਤੇ ਜੰਤ੍ਰ ਅਜਿਹਾ ਨਹੀਂ ਜੋ ਮੌਤ ਰੂਪੀ ਸਪ ਦੇ ਡੰਗ ਤੋਂ ਬਚਾ ਸਕੇ ।

੩. ਇਹ ਸਰੀਰ ਕੰਵਲ ਦਾ ਫੁਲ ਹੈ, ਜ਼ਮਾਨਾ ਮਖੀ ਹੈ, ਜੋ ਹਰ ਘੜੀ ਇਹਦੇ ਵਿਚੋਂ ਸ਼ਹਿਦ ਚੂਸ ਰਿਹਾ ਹੈ ।

੪. ਸਮਾਂ ਬੜੀ ਤਿਖੀ ਚਾਲ ਨਾਲ਼ ਚਲ ਰਿਹਾ ਹੈ, ਇਥੋਂ ਦੀ ਹਰ ਇਕ ਚੀਜ਼ ਬਦਲ ਰਹੀ ਹੈ, ਕੋਈ ਚੀਜ਼ ਇਕ ਹਾਲਤ ਵਿਚ ਰਹਿੰਦੀ ਨਹੀਂ ਦਿਸਦੀ, ਇਹ ਮਨੁੱਖ ਕਿਸਤਰ੍ਹਾਂ ਇਸ ਵਿਚ ਰਹਿ ਸਕਦਾ ਹੈ ?

੫. ਦਾਦਾ ਚਲਾ ਗਿਆ, ਪਿਤਾ ਚਲਾ ਗਿਆ, ਮਾਤਾ ਗਈ, ਭਾਈ ਚਲੇ ਗਏ, ਭੈਣਾਂ ਚਲੀਆਂ ਗਈਆਂ, ਗਲੀ ਮਹਲੇ, ਅਗੇ ਪਿਛੇ, ਸਜੇ ਖਬੇ, ਚਲੋ ਚਲੀ ਲਗੀ ਵੇਖ ਕੇ ਮਨੁੱਖ ਆਪਣੇ ਆਪ ਨੂੰ ਸਥਿਰ ਮੰਨਦਾ ਹੈ, ਕਿੰਨੇ ਅਸਚਰਜ ਦੀ ਗਲ ਹੈ ।

੬. ਇਸ ਦੁਖਾਂ, ਕਲੇਸ਼ਾਂ, ਬਿਪਤਾ ਤੇ ਮੁਸੀਬਤਾਂ ਦੇ ਨਾਲ ਭਰੇ ਹੋਏ ਜੀਵਨ ਵਿਚ ਨੇਕੀ ਹੀ ਅਜੇਹੀ ਚੀਜ਼ ਹੈ ਜੋ ਸਾਨੂੰ ਸਦੀਵੀ ਖੁਸ਼ੀ ਦੇ ਸਕਦੀ ਹੈ, ਪਰ ਫਿਰ ਵੀ ਮਨੁੱਖ ਦਾ ਦਿਲ ਬਦੀ ਵਲ ਝੁਕਦਾ ਤੇ ਨੇਕੀ ਤੋਂ ਹਟਦਾ ਹੈ । ਅਸਚਰਜ !

੭. ਮਨੁੱਖ ਦੀ ਉਮਰ ਇਕ ਰੱਸੀ ਹੈ, ਜਿਸ ਨੂੰ ਦਿਨ ਤੇ ਰਾਤ (ਕਾਲੇ ਤੇ ਚਿਟੇ) ਦੋ ਚੂਹੇ ਕਟ ਰਹੇ ਹਨ, ਪਰ ਜਿਉਂ ਜਿਉਂ ਏਹ ਬੀਤਦੇ ਹਨ ਮਨੁੱਖ ਸਮਝਦਾ ਹੈ ਕਿ ਮੇਰੀ ਉਮਰ ਵਡੀ ਹੋ ਰਹੀ ਹੈ । ਅਸਚਰਜ !



Sri Satguru Jagjit Singh Ji eLibrary NamdhariElibrary@gmail.com

੮. ਦੁਨੀਆਂ ਖੂਹ ਹੈ, ਮਨੁਖ ਦੀ ਜ਼ਿੰਦਗੀ ਪਾਣੀ ਹੈ, ਸਮਾਂ ਇਕ ਚਰਖੀ (ਭੌਣੀ) ਹੈ। ਚੰਦਰਮਾਂ ਤੇ ਸੂਰਜ ਦੋ ਬਲਦ ਹਨ, ਜੋ ਦਿਨ ਤੇ ਰਾਤ ਰੂਪੀ ਦੋ ਚਰਖੀਆਂ ਨਾਲ ਜ਼ਿੰਦਗੀ ਦਾ ਪਾਣੀ ਕਢ ਕਢ ਕੇ ਇਸਨੂੰ ਖ਼ਾਲੀ ਕਰ ਰਹੇ ਹਨ।

੯. ਜੇਹੜਾ ਕੰਮ ਕਰਨਾ ਹੈ ਉਸਨੂੰ ਅਜ ਹੀ ਕਰ ਲੈ, ਪਤਾ ਨਹੀਂ ਕਲ ਕਿੰਨੀਆਂ ਬਿਪਤਾ ਆਪਣੇ ਨਾਲ ਲਿਆਵੇਗਾ ਤੇ ਉਸ ਵੇਲੇ ਇਹ ਕੰਮ ਕਰਨ ਦਾ ਸਮਾਂ ਮਿਲੇਗਾ ਵੀ ਕਿ ਨਹੀਂ। ਅਜ ਹੋ ਸਕਣ ਵਾਲੇ ਕੰਮ ਨੂੰ ਕਲ ਤੇ ਨਾ ਰੱਖ।

੧੦. ਮੌਤ ਪੁਛਾਵੇਂ ਵਾਂਗ ਹਰ ਵੇਲੇ ਮਨੁੱਖ ਦੇ ਨਾਲ ਹੈ, ਪਤਾ ਨਹੀਂ ਉਸਨੇ ਕਿਸ ਵੇਲੇ ਅੱਚਣਚੇਤ ਆ ਦਬਾਉਣਾ ਹੈ, ਇਸ ਕਰਕੇ ਜਿੰਨੀ ਨੇਕੀ ਕਰ ਸਕਦਾ ਹੈਂ ਕਰ ਲੈ, ਇਸੇ ਕੰਮ ਆਉਣਾ ਹੈ।

੧੧. ਇਹ ਸਰੀਰ ਜਿਸਦੀ ਸੁੰਦਰਤਾ, ਬਲ ਤੇ ਰੰਗ ਰੂਪ ਤੇ ਤੂੰ ਆਕੜ ਆਕੜ ਫਿਰਦਾ ਹੈਂ ਇਹ ਤੇਰੀ ਰੂਹ ਲਈ ਜੇਹਲਖਾਨਾ ਹੈ, ਤੂੰ ਕਦੀ ਇਸ ਗਲ ਨੂੰ ਇਕਾਂਤ ਵਿਚ ਬੈਠ ਕੇ ਵਿਚਾਰਿਆ ਹੈ ?

੧੨. ਸੰਸਾਰ ਦੇ ਸਾਕ, ਸੰਬੰਧੀ, ਧੀਆਂ, ਪੁਤ ਤੇ ਧਨ ਮਰਘਟ ਤਕ ਹੀ ਤੇਰੇ ਨਾਲ ਹੋਣਗੇ, ਇਸ ਤੋਂ ਅਗੇ ਤੇਰਾ ਸਾਥੀ ਕੌਣ ਹੋਵੇਗਾ ? ਕਦੇ ਇਸ ਗਲ ਤੇ ਇਕਾਂਤ ਵਿਚ ਬੈਠ ਕੇ ਵਿਚਾਰ ਕੀਤੀ ਆ ?

੧੩. ਮਾਤਾ ਪਿਤਾ ਧੀਆਂ ਪੁਤਰ ਤੇ ਇਸਤ੍ਰੀ ਮਨੁਖ ਨੂੰ ਬਿਪਤ ਵਿਚ ਵੇਖ ਕੇ ਸੰਗ ਛਡ ਜਾਂਦੇ ਹਨ, ਪਰ ਇਕ ਨੇਕੀ ਹੈ ਜੋ ਮੁਸੀਬਤ ਦੇ ਵੇਲੇ ਦਿਲ ਦਾ ਸਾਥ ਦੇਂਦੀ ਹੈ, ਮਨੁੱਖ ਨੇਕੀ ਨੂੰ ਛਡ ਕੇ ਸੰਬੰਧੀਆਂ ਦੇ ਮੋਹ ਵਿਚ ਬੁਰਾਈ ਕਰਦਾ ਹੈ, ਅਸਚਰਜਤਾ ਹੈ ਕਿ ਨਹੀਂ ?

੧੪. ਤੇਰੀ ਤਾਕਤ ਤੇ ਜ਼ੋਰ ਕਿਥੇ ਗਿਆ ? ਤੇਰੀ ਜਵਾਨੀ ਨੂੰ ਕੀ ਹੋਇਆ ? ਤੇਰੀ ਸੁੰਦਰਤਾ ਕਿਸ ਖਸ ਲਈ ? ਮੂੰਹ ਵਿਚ ਦੰਦ ਨਹੀਂ ਰਹੇ, ਅੱਖਾਂ ਦੀ ਜੋਤ ਘਟ ਗਈ ਹੈ, ਵਾਲਾਂ ਨੇ ਰੰਗ ਬਦਲ ਲਿਆ ਹੈ, ਖਲੜੀ ਢਿਲੀ ਹੋ ਗਈ ਹੈ, ਤੇ ਸਰੀਰ ਊੜ ਕੇ ਕਮਾਨ ਬਣ ਗਿਆ ਹੈ, ਹੁਣ ਹੀ ਹੋਸ਼ ਕਰ ਤੇ ਜੀਵਨ ਦੇ ਬਾਕੀ ਦੇ ਚਾਰ ਦਿਨ ਭਜਨ ਵਿਚ ਲਾ।



Sri Satguru Jagjit Singh Ji eLibrary NamdhariElibrary@gmail.com

ਹਰਿ ਜਪਦਿਆਂ ਖਿਨੁ ਵਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥

੧੫. ਮਨੁਖ ਦੇ ਆਪਣੇ ਕਰਮ ਹੀ ਹਨ ਜੋ ਉਸਨੂੰ ਮਾਤਾ ਦੇ ਗਰਭ ਰੂਪੀ ਕੁੰਭੀ ਨਰਕ ਵਿਚ ਬਾਰ ਬਾਰ ਲਿਜਾਂਦੇ ਹਨ, ਸ਼ੋਕ ਹੈ ਕਿ ਇਹ ਜੀਵ ਇਸ ਬਿਪਤ ਤੋਂ ਬਚਣ ਲਈ ਉਪਰਾਲਾ ਨਹੀਂ ਕਰਦਾ।

੧੬. ਇੰਦਰੇ ਰਸ ਹੀ ਮੁਸੀਬਤਾਂ ਦਾ ਕਾਰਨ ਹਨ। ਸ਼ੋਕ ਹੈ ਕਿ ਮਨੁਖ ਇਨ੍ਹਾਂ ਨੂੰ ਆਪਣੇ ਅਸਲੀ ਰੂਪ ਵਿਚ ਵੇਖਣ ਦਾ ਕਦੇ ਵੀ ਯਤਨ ਨਹੀਂ ਕਰਦਾ।

੧੭ ਹਵਾ ਕੀ ਹੈ? ਪਾਣੀ ਕੀ ਹੈ? ਧਰਤੀ ਕੀ ਹੈ? ਸੂਰਜ ਕੀ ਹੈ? ਨਛਤ੍ਰ ਕੀ ਹਨ? ਇਨ੍ਹਾਂ ਦੀ ਕੀਤੀ ਖੋਜ ਚੰਗੀ ਹੈ, ਕਰਨੀ ਚਾਹੀਦੀ ਹੈ, ਪਰ ਹੇ ਮਨੁੱਖ ਕਦੀ ਇਹ ਵੀ ਸੋਚਿਆ ਈ ਕਿ ਤੂੰ ਕੀ ਚੀਜ਼ ਹੈਂ? ਤੇ ਤੇਰੇ ਇਥੇ ਆਉਣ ਦਾ ਪ੍ਰਯੋਜਨ ਕੀ ਸੀ? ਆਪਣੇ ਆਪ ਤੋਂ ਭੁਲਾ ਹੋਇਆ ਮਨੁੱਖ ਹੋਰਨਾਂ ਚੀਜ਼ਾਂ ਦੀ ਭਾਲ ਵਿਚ ਵਾਲ ਦੀ ਖੱਲ ਉਧੇੜ ਰਿਹਾ ਹੈ!

੧੮. ਦੁਨੀਆਂ ਵਿਚ ਸਾਰੇ ਕੰਮ ਕਾਜ ਕਰ, ਪਰ ਦੁਨੀਆਂ ਦਾ ਹੀ ਨਾ ਹੋ ਜਾ, ਕਦੇ ਆਪਣੇ ਅਸਲੇ ਵਲ ਵੀ ਨਜ਼ਰ ਮਾਰ, ਆਪਣੇ ਸਰੂਪ ਦੀ ਲਖਤਾ ਬੀ ਕਰ।

੧੯. ਇਸ ਦੁਨੀਆਂ ਵਿਚ ਤੇਰੇ ਦੋਸਤ ਤੇ ਦੁਸ਼ਮਣ ਹੋਰ ਕੋਈ ਨਹੀਂ ਤੂੰ ਆਪ ਹੀ ਹੈਂ, ਤੇਰੇ ਚੰਗੇ ਤੇ ਮੰਦੇ ਕੰਮ ਹੀ ਤੇਰੇ ਸ਼ਤਰੂ ਤੇ ਮਿਤ੍ਰ ਹਨ। ਤੇਰੀ ਨੇਕਨਾਮੀ ਤੇ ਬਦਨਾਮੀ ਦਾ ਕਾਰਨ ਇਹ ਹੀ ਹੈਨ। ਤਖਤ ਤੇ ਤਖਤੇ ਤੇ ਤੈਨੂੰ ਇਨ੍ਹਾਂ ਹੀ ਬਿਠਾਣਾ ਹੈ, ਇਸ ਕਰਕੇ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਸੋਚ ਤੇ ਵਿਚਾਰ ਤੋਂ ਕੰਮ ਲੈਣਾ ਜ਼ਰੂਰੀ ਹੈ।

੨੦. ਵਾਹਿਗੁਰੂ ਦੀ ਭਗਤੀ, ਸੇਵਾ ਤੇ ਉਪਕਾਰ ਉਸ ਵੇਲੇ ਹੀ ਹੋ ਸਕਦੇ ਹਨ ਜਿਸ ਵੇਲੇ ਸਰੀਰ ਅਰੋਗ, ਹੋਸ਼ ਹਵਾਸ ਦਰੁਸਤ ਤੇ ਸਰੀਰ ਬਲਵਾਨ ਹੋਵੇ, ਜਿਸ ਵੇਲੇ ਜਵਾਨੀ ਦਾ ਸਮਾਂ ਗੁਜ਼ਰ ਗਿਆ, ਬੁਢੇਪੇ ਨੇ ਸਰੀਰ ਤੇ ਆਪਣਾ ਅਸਰ ਪਾ ਲਿਆ ਹੈ ਥੋੜੇ ਚਿਰ ਨੂੰ ਹੋਸ਼ ਹਵਾਸ ਜਵਾਬ ਦੇ ਜਾਣਗੇ। ਸਰੀਰ ਵਿਚ ਸ਼ਕਤ ਨਹੀਂ



Sri Satguru Jagjit Singh Ji eLibrary NamdhariElibrary@gmail.com

ਰਹੇਗੀ, ਤਦ ਨੇਕੀ ਕਿਸ ਤਰ੍ਹਾਂ ਹੋਵੇਗੀ ? ਤੇ ਭਗਤੀ ਭਾਵ ਕਿਵੇਂ ਆਏਗਾ, ਨਾਮ ਵਿਚ ਲਿਵ ਕੀਕੂੰ ਲਗੇਗੀ ? ਤਾਂ ਤੇ :–

ਜਬ ਲਗੁ ਜਰਾ ਰੋਗੁ ਨਹੀ ਆਇਆ ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥
ਜਬ ਲਗੁ ਬਿਕਲ ਭਈ ਨਹੀ ਬਾਨੀ ॥
ਭਜਿ ਲੇਹਿ ਰੇ ਮਨ ਸਾਰਿਗ ਪਾਨੀ ॥੨॥
ਅਬ ਨ ਭਜਸਿ ਭਜਸਿ ਕਬ ਧਾਈ ॥
ਆਵੈ ਅੰਤੁ ਨ ਭਜਿਆ ਜਾਈ ॥

੨੧. ਇਹ ਆਖਣਾ ਕਿ ਅਜੇ ਜਵਾਨੀ ਦੇ ਦਿਨ ਹਨ, ਬੁਢਿਆਂ ਹੋਕੇ ਭਗਤੀ ਕਰ ਲਵਾਂਗੇ ਅਜੇਹੀ ਮੂਰਖਤਾ ਹੈ ਜਿਵੇਂ ਕੋਈ ਆਦਮੀ ਮਕਾਨ ਨੂੰ ਅਗ ਲਗ ਜਾਣ ਤੇ ਉਹਦੇ ਬੁਝਾਣ ਵਾਸਤੇ ਖੂਹ ਬਣਾਉਣ ਦਾ ਖਿਆਲ ਕਰੇ।

੨੨. ਸੰਸਾਰਕ ਸੰਬੰਧੀਆਂ ਦੇ ਸੰਬੰਧ ਬਾਬਤ ਕੁਛ ਨਹੀਂ ਪਤਾ, ਜਦ ਉਹ ਅੱਖਾਂ ਮੀਟ ਲੈਣ ਤਦ ਇਹ ਵੀ ਪਤਾ ਨਹੀਂ ਲਗਦਾ ਕਿ ਉਨ੍ਹਾਂ ਕਿਥੇ ਜਾਣਾ ਹੈ ? ਇਹ ਸੰਬੰਧ ਅਸਲੀ ਤੇ ਦ੍ਰਿੜ੍ਹ ਕਿਵੇਂ ਹੋ ਸਕਦਾ ਹੈ ?

੨੩. ਸਰੀਰ ਨਾ ਰਹਿਣ ਵਾਲਾ ਹੈ, ਆਤਮਾ ਅਮਰ ਹੈ, ਇਹਦਾ ਸਰੀਰ ਨਾਲ ਸੰਬੰਧ ਕਰਮਾਂ ਦਾ ਹੈ, ਇਸ ਕਰਕੇ ਆਤਮਾ ਨੂੰ ਸਰੀਰਕ ਵਾਸ਼ਨਾ ਤੇ ਤ੍ਰਿਸ਼ਨਾ ਦੇ ਅਧੀਨ ਨਹੀਂ ਬਨਣ ਦੇਣਾ ਚਾਹੀਦਾ।

੨੪. ਮਨੁਖ ਦਾ ਧਨ ਪ੍ਰਛਾਵੇਂ ਵਾਂਗ ਇਕ ਥਾਂ ਤੇ ਨਹੀਂ ਰਹਿੰਦਾ, ਮਨੁਖ ਦੇ ਇੰਦਰਿਆਂ ਦੇ ਸਵਾਦ ਅਕਾਸ਼ੀ ਪੀਂਘ ਵਾਂਗ ਅਨਿਸਥਰ ਤੇ ਰੰਗ ਬਦਲ ਲੈਣ ਵਾਲੇ ਹਨ। ਤੇ ਮਨੁਖ ਦੀ ਜਵਾਨੀ ਤੇ ਸੁੰਦਰਤਾ ਬਿਜਲੀ ਵਾਂਗ ਇਕ ਦਮਕ ਵਿਖਾਕੇ ਅਲੋਪ ਹੋ ਜਾਣ ਵਾਲੀਆਂ ਚੀਜ਼ਾਂ ਹਨ।

੨੫. ਇਹ ਜੀਵ ਕਰਮ ਬਧ ਹੋਕੇ ਅਨੇਕਾਂ ਜੂਨਾਂ 'ਚ ਭਰਮਦਾ ਆ ਰਿਹਾ ਹੈ, ਅਨੇਕਾਂ ਕਸ਼ਟ ਉਠਾ ਚੁਕਾ ਹੈ। ਇਹਦੇ ਜਨਮਾਂ ਦਾ ਹਿਸਾਬ ਔਖਾ ਹੈ ਪਰ ਅਜੇ ਵੀ ਇਹਨਾਂ ਕਰਮਾਂ ਦੇ ਸੰਗਲ ਵਿਚੋਂ ਛੁਟਣ ਦਾ ਉਪਰਾਲਾ ਇਹ ਨਹੀਂ ਕਰਦਾ, ਇਹਦਾ



Sri Satguru Jagjit Singh Ji eLibrary NamdhariElibrary@gmail.com

ਫਲ ਇਹ ਹੈ ਕਿ ਇਹ ਫਿਰ ਉਸੇ ਗੇੜ ਵਿਚ ਪੈਕੇ ਦੁਖਾਂ ਤੇ ਤਕਲੀਫ਼ਾਂ ਨੂੰ ਆਪ ਸੱਦਾ ਦੇ ਰਿਹਾ ਹੈ। ਮਨੁੱਖ ਦੀ ਹਾਲਤ ਕਿੰਨੀ ਤਰਸ ਯੋਗ ਹੈ?

੨੬. ਮੌਤ ਤੁਹਾਡੇ ਪਿਛੇ ਇਸ ਤਰ੍ਹਾਂ ਲਗੀ ਹੋਈ ਹੈ ਜਿਵੇਂ ਚਾਨਣੇ ਪਿਛੇ ਹਨੇਰਾ ਤੇ ਦਿਨ ਪਿਛੇ ਰਾਤ। ਜਿਵੇਂ ਦਰਿਆ ਦੇ ਵਿਚੋਂ ਲੰਘਿਆ ਪਾਣੀ ਫਿਰ ਮੁੜਕੇ ਨਹੀਂ ਆਉਂਦਾ, ਇਸੇ ਤਰ੍ਹਾਂ ਹੱਥ ਵਿਚੋਂ ਬੀਤਿਆ ਸਮਾਂ ਮੁੜਕੇ ਨਹੀਂ ਆਉਂਦਾ। ਬਹੁਮੁਲੇ ਸਮੇਂ ਨੂੰ ਹਥੋਂ ਅਜਾਈਂ ਨਾ ਗਵਾ ਇਸ ਤੋਂ ਲਾਭ ਉਠਾ ਲੈ।

੨੭. ਮੌਤ ਨੂੰ ਜਿੰਨਾਂ ਚਿਰ ਚਾਹੇ ਆਪਣੇ ਨੇੜੇ ਨਾ ਆਉਣ ਦੇਣ ਤੇ ਨੇਕ ਕੰਮ (ਜਿਸਦੇ ਕਰਨ ਦਾ ਇਰਾਦਾ ਹੈ) ਜਿੰਨੇ ਚਿਰ ਵਾਸਤੇ ਚਾਹੇ ਅਗੇ ਤੇ ਪਾ ਦੇਣ ਦੀ ਕੀ ਤੁਹਾਡੇ ਵਿਚ ਸਮਰਥਾ ਹੈ? ਜੇ ਨਹੀਂ ਤਦ ਨੇਕੀ ਵਿਚ ਢਿਲ ਕਿਉਂ?

੨੮. ਮਾਲ, ਧਨ, ਸਾਕ, ਸੰਬੰਧੀ ਛਡ ਕੇ ਆਤਮਾ ਸਰੀਰ ਨਾਲੋਂ ਉਸੇ ਤਰ੍ਹਾਂ ਅੱਡ ਹੋ ਜਾਂਦਾ ਹੈ, ਜਿਵੇਂ ਫਲ ਦਰਖਤ ਨਾਲੋਂ ਟੁਟ ਕੇ ਫਿਰ ਉਹਦੇ ਨਾਲ ਨਹੀਂ ਜੁੜਦੇ। ਫਿਰ ਸੰਸਾਰ ਦੇ ਮੋਹ ਦੇ ਵਿਚ ਫਸ ਕੇ ਵਾਹਿਗੁਰੂ ਭੁਲਾ ਦੇਣਾ ਕਿੰਨੀ ਕੁ ਮੂਰਖਤਾ ਹੈ।

੨੯. ਅਸ਼ਾਂਤ ਮਨੁੱਖ ਦੀ ਆਤਮਾ ਚੋਲਾ ਛੱਡ ਕੇ ਪਤਾ ਨਹੀ ਕਿੰਨਾਂ ਪਰੇਸ਼ਾਨੀਆਂ ਦਾ ਮੂੰਹ ਦੇਖੇਗੀ। ਸੋ ਹੁਣ ਹੀ ਵੇਲਾ ਹੈ ਜੋ ਆਪਣੇ ਆਪ ਤੇ ਤਰਸ ਕਰੋ।

੩੫. ਮੌਤ ਮਨੁੱਖ ਨੂੰ ਇਸੇ ਤਰ੍ਹਾਂ ਚੁਪ ਚੁਪੀਤੇ ਚੁਕ ਕੇ ਲੈ ਜਾਂਦੀ ਹੈ ਜਿਵੇਂ ਬਿੱਲੀ ਚੂਹੇ ਨੂੰ, ਫਿਰ ਪਤਾ ਨਹੀਂ ਕਿ ਮਨੁੱਖ ਕਿਸ ਧਰਵਾਸ ਪਰ ਗਫਲਤ ਦੀ ਨੀਂਦਰ ਵਿਚ ਸੁਤਾ ਰਹਿੰਦਾ ਹੈ?

੩੧. ਆਤਮਾ ਸਰੀਰ ਵਿਚੋਂ ਉਸੇ ਤਰ੍ਹਾਂ ਨਿਕਲ ਜਾਂਦੀ ਹੈ ਜਿਵੇਂ ਮਿਟੀ ਦੇ ਟੁਟੇ ਹੋਏ ਬਰਤਨ ਵਿਚੋਂ ਪਾਣੀ। ਪਤ, ਆਬਰੂ, ਐਸ਼ਵਰਜ ਤੇ ਪ੍ਰਤਾਪ ਦਰਿਆ ਦੀਆਂ ਲਹਿਰਾਂ ਵਾਂਗ ਛੇਤੀ ਹੀ ਗੁੰਮ ਹੋ ਜਾਂਦੀਆਂ ਹਨ। ਧੀਆਂ, ਪੁਤ ਤੇ ਸਾਕ ਸੰਬੰਧੀ ਸੁਪਨੇ ਵਾਂਗ ਅੱਖਾਂ ਤੋਂ ਓਹਲੇ ਹੋ ਜਾਂਦੇ ਹਨ।



Sri Satguru Jagjit Singh Ji eLibrary NamdhariElibrary@gmail.com

੩੨. ਪਸ਼ੂਆਂ ਪੰਛੀਆਂ ਦੇ, ਅਮੀਰਾਂ ਗਰੀਬਾਂ ਦੇ, ਗੁਲਾਮੀ ਤੇ ਆਜ਼ਾਦੀ ਦੇ ਕਈ ਸਰੀਰ ਧਾਰਨ ਕੀਤੇ ਹਨ, ਹੁਣ ਤਾਂ ਆਤਮਾ ਨੂੰ ਇਹਨਾਂ ਫਾਹੀਆਂ ਵਿਚੋਂ ਮੁਕਤ ਕਰਾਣ ਦਾ ਉਪਰਾਲਾ ਕਰ।

੩੩. ਮਨੁੱਖ ਆਪਣੀ ਜੀਭ ਨੂੰ ਝੂਠ ਨਾਲ ਮੈਲਾ ਕਰਦਾ ਹੈ। ਬੇਸ਼ਰਮੀ ਨਾਲ ਦੂਜਿਆਂ ਦੇ ਔਗਣ ਵੇਖਕੇ ਹਿਰਦੇ ਨੂੰ ਕਾਲਾ ਕਰ ਲੈਂਦਾ ਹੈ ਤੇ ਲੋਕਾਂ ਨਾਲ ਘ੍ਰਿਣਾ ਤੇ ਦ੍ਵੈਸ਼ ਰਖਕੇ ਆਪਣੇ ਆਪ ਨੂੰ ਅਪਵਿਤ੍ਰ ਬਣਾਉਂਦਾ ਹੈ।

੩੪. ਹੇ ਮਨੁੱਖ ਇਸ ਸੰਸਾਰ ਵਿਚ ਤੇਰੀ ਹੋਂਦ ਕਿਸੇ ਪੱਤੇ ਤੇ ਪਈ ਪਾਣੀ ਦੀ ਬੂੰਦ ਨਾਲੋਂ ਵਧੀਕ ਨਹੀਂ, ਫਿਰ ਇਨਾ ਹੰਕਾਰ!

੩੫. ਸੰਸਾਰ ਦੇ ਪਦਾਰਥਾਂ ਦੇ ਮੋਹ ਵਿਚ ਮਸਤ ਹੋ ਕੇ, ਕੁਰਾਹੇ ਪੈਕੇ ਅੰਨ੍ਹੇ ਖੂਹ ਵਿਚ ਡਿੱਗਕੇ ਸਚਾਈ ਨੂੰ ਇਸੇ ਤਰ੍ਹਾਂ ਛਡ ਦਿਤਾ ਜਿਵੇਂ ਮੂਰਖ ਆਪਣੀਆਂ ਅਖਾਂ ਗਵਾ ਲੈਂਦਾ ਤੇ ਅੰਨ੍ਹਾਂ ਹੋ ਜਾਂਦਾ ਹੈ। ਇਸ ਹਾਲਤ ਵਿਚ ਆਪਣੇ ਅੰਦਰ ਦੇ ਨੂਰ ਨੂੰ ਪ੍ਰਾਪਤ ਕਰਨਾ ਮਹਾਂ ਕਠਨ ਬਣ ਜਾਂਦਾ ਹੈ।

੩੬. 'ਨਾਮ ਜਪ ਤੇ ਨੇਕੀ' ਇਹ ਦੋ ਚੀਜਾਂ ਤੇਰੀ ਕਿਸ਼ਤੀ ਨੂੰ ਉਸ ਕੰਢੇ ਤਕ ਪੁਚਾ ਸਕਦੀਆਂ ਹਨ, ਜਿਥੋਂ ਤੈਨੂੰ ਸਦੀਵ ਦਾ ਸੁਖ ਤੇ ਮੁਕਤੀ ਮਿਲੇ।

੩੭. ਬੀਤ ਗਈ ਉਮਰ ਤੇ ਸ਼ੋਕ ਹੈ ਕਿ ਇਸ ਵਿਚ ਨਾ ਤਾਂ ਵਾਹਿਗੁਰੂ ਦੇ ਨਾਲ ਪ੍ਰੀਤੀ ਕੀਤੀ ਤੇ ਨਾ ਹੀ ਆਪਣੇ ਧਨ ਨਾਲ ਕਿਸੇ ਕੰਗਾਲ ਤੇ ਦੁਖੀ ਤੋਂ ਅਸੀਸ ਲਈ।

੩੮. ਮਨੁਖ ਦਾ ਦਿਲ ਗੁਸੇ ਦੀ ਅਗਨੀ ਨਾਲ ਸੜਕੇ ਕਬਾਬ ਹੋ ਰਿਹਾ ਹੈ। ਲਾਲਚ ਦੇ ਜ਼ਹਿਰ ਨੇ ਉਸ ਤੇ ਮੌਤ ਦੀ ਹਾਲਤ ਲੈ ਆਂਦੀ ਹੈ। ਹੰਕਾਰ ਦੀ ਛੁਰੀ ਨੇ ਇਸ ਨੂੰ ਕੋਹਿਆ ਹੈ ਤੇ ਮਕਰ ਨੇ ਇਸ ਨੂੰ ਲਿਬੇੜ ਛਡਿਆ ਹੈ।

੩੯. ਉਸ ਆਦਮੀ ਦੇ ਜੀਵਨ ਤੇ ਸ਼ੋਕ ਹੈ ਜਿਸ ਨੇ ਆਪਣੀ ਵਿਦਯਾ ਝਗੜਿਆਂ ਵਿਚ ਖਰਚ ਕੀਤੀ, ਵਖਿਆਨ ਦੂਜਿਆਂ ਨੂੰ ਖੁਸ਼ ਕਰਨ ਲਈ ਦਿਤੇ ਤੇ



Sri Satguru Jagjit Singh Ji eLibrary NamdhariElibrary@gmail.com

ਨੇਕੀ ਦਾ ਲਿਬਾਸ ਲੋਕਾਂ ਨੂੰ ਆਪਣੇ ਫਰੇਬ ਦੇ ਜਾਲ ਵਿਚ ਫਸਾਣ ਲਈ ਧਾਰਨ ਕੀਤਾ।

੪੦. ਸਰੀਰ ਨੂੰ ਜਰਾ ਅਵੱਸਥਾ ਨੇ ਨਿਰਬਲ ਕਰ ਦਿਤਾ ਹੈ, ਪਰ ਅਫਸੋਸ ਵਾਸ਼ਨਾ ਤੇ ਤ੍ਰਿਸ਼ਨਾਂ ਨਿਰਬਲ ਨਹੀਂ ਹੋਈਆਂ। ਦਿਲ ਨਾ ਤਾਂ ਕਦੇ ਜੁਆਨੀ ਵਿਚ ਹੀ ਖੁਸ਼ ਹੋਇਆ ਤੇ ਨਾ ਹੀ ਬੁਢੇ ਵਾਰੇ ਤ੍ਰਿਸ਼ਨਾ ਬੁਝੀ ਹੈ।

੪੧. ਅਫ਼ਸੋਸ ਹੈ ਕਿ ਵਿਦਿਆ ਦੇ ਚਾਨਣੇ ਵਿਚ ਮੈਂ ਕੁਛ ਨ ਕੀਤਾ ਜੀਵਨ ਨਿਰਾਸਤਾ ਵਿਚ ਹੀ ਗੁਜ਼ਰ ਗਿਆ। ਅਮੁਲਜ ਸਮਾਂ ਇਸ ਤਰ੍ਹਾਂ ਅਜਾਈਂ ਗਵਾਂ ਦਿਤਾ ਹੈ ਜਿਵੇਂ ਕੋਈ ਮੂਰਖ ਲਾਲ ਹੱਥ ਵਿਚ ਆ ਜਾਣ ਤੇ ਸਮੁੰਦਰ ਵਿਚ ਸੁਟ ਦੇਵੇ।

੪੨. ਸਤਜਵਾਦੀ, ਮਿਲਨਸਾਰੀ, ਨਿਸ਼ਕਾਮ ਸੇਵਾ, ਸ਼ੁਭਚਿੰਤਨਾ, ਦਾਨ ਤੇ ਤਰਸ, ਇਹ ਸਾਰੇ ਗੁਣ ਗ੍ਰਿਹਸਤੀ ਦੇ ਹਨ।

੪੩. ਹਰਨ ਤੇ ਸੱਪ ਜਿਨ੍ਹਾਂ ਦੇ ਕੰਨਾਂ ਦੇ ਸੁਣਨ ਦੀ ਸ਼ਕਤੀ ਬੜੀ ਤੇਜ਼ ਹੈ, ਸ਼ਕਾਰੀ ਤੇ ਸਪੇਰੇ ਦੇ ਗੀਤ ਦੀ ਆਵਾਜ਼ ਨਾਲ ਬੜੀ ਛੇਤੀ ਫੜੇ ਜਾਂਦੇ ਹਨ।

੪੪. ਪਰਵਾਨਾ ਅੱਖਾਂ ਦੇ ਨਾਲ ਸੁੰਦਰਤਾ ਤੇ ਮੁਗਧ ਹੋ ਦੀਵੇ ਤੇ ਡਿੱਗਦਾ ਸੜ ਜਾਂਦਾ ਹੈ।

੪੫. ਸੁਹਿਰਦਤਾ, ਸਭਜਤਾ, ਦੂਰ-ਦਰਸ਼ਤਾ, ਸੰਜਮ, ਦਲੇਰੀ, ਲਜਿਆ ਤੇ ਪਵਿਤ੍ਰ ਦਿਲ, ਇਹ ਗੁਣ ਘਰਾਣੇ ਘਰਾਂ ਦੇ ਅਰਥਾਤ ਕੁਲੀਨ ਕੁਲਾਂ ਵਾਲਿਆਂ ਦੇ ਹਨ।

੪੬. ਡਡੂ ਕੀੜਿਆਂ ਦੇ ਫੜਨ ਲਈ ਉੱਛਲਦਾ, ਕੁਦਦਾ ਤੇ ਬੇਫ਼ਿਕਰੀ ਨਾਲ ਟਪੋਸੀਆਂ ਮਾਰਦਾ ਫਿਰਦਾ ਹੈ। ਪਰ ਉਹ ਇਸ ਗਲ ਨੂੰ ਭੁਲ ਗਿਆ ਹੈ ਕਿ ਉਸਨੂੰ ਨਿਗਲਨ ਲਈ ਮੂੰਹ ਅੱਡੀ ਸੱਪ ਬੈਠਾ ਹੈ, ਮਨੁਖ ਵਿਸ਼ੇ ਵਾਸ਼ਨਾ ਦੇ ਅਧੀਨ ਹੋ ਕੇ ਹਰ ਘੜੀ ਦੂਜਿਆਂ ਨੂੰ ਦੁਖ ਦੇਣ ਵਿਚ ਲਗਾ ਹੋਇਆ ਨਹੀਂ ਜਾਣਦਾ ਕਿ ਮੌਤ ਦੇ ਮੂੰਹ ਵਿਚ ਪੈਕੇ ਮੈਂ ਵੀ ਆਪਣਾ ਨਾਮ ਨਿਸ਼ਾਨ ਗਵਾ ਲੈਣਾ ਹੈ।



Sri Satguru Jagjit Singh Ji eLibrary NamdhariElibrary@gmail.com

੪੭. ਭੌਰਾ ਕੰਵਲ ਫੁਲ ਦੀ ਖੁਸ਼ਬੋ ਤੇ ਇੰਨਾਂ ਮਸਤ ਹੈ ਕਿ ਉਸਤੇ ਬੈਠ ਆਪਣਾ ਆਪ ਭੁਲ ਜਾਂਦਾ ਹੈ, ਸੰਧਿਆ ਹੁੰਦੀ ਹੈ ਕੰਵਲ ਫੁਲ ਦਾ ਮੂੰਹ ਬੰਦ ਹੋ ਜਾਂਦਾ ਹੈ ਤੇ ਭੌਰਾ ਵਿਚੇ ਤੜਪ ਤੜਪ ਕੇ ਮਰ ਜਾਂਦਾ ਹੈ ।

੪੮. ਮੱਛੀ ਖਾਣ ਦੇ ਚਸਕੇ ਪਿਛੇ ਕੁੰਡੀ ਤੇ ਆਉਂਦੀ ਹੈ, ਖਾਣ ਦਾ ਲਾਲਚ ਉਸਨੂੰ ਦੂਜਿਆਂ ਦੀ ਖੁਰਾਕ ਬਣਾ ਦੇਂਦਾ ਹੈ।

੪੯. ਹਾਥੀ ਕਾਮਾਤਰ ਹੋ ਕਾਗਦ ਦੀ ਹਥਣੀ ਦੇ ਪਿਛੇ ਭੁਲੇਵੇਂ ਵਿਚ ਪੈ ਕੇ ਫੜਿਆ ਜਾਂਦਾ ਹੈ, ਆਯੂ ਭਰ ਲੋਕਾਂ ਦਾ ਭਾਰ ਢੋਂਦਾ ਤੇ ਅੰਕਸ ਦੀ ਮਾਰ ਖਾਂਦਾ ਰਹਿੰਦਾ ਹੈ ।

੫੦. ਸੁਸਤੀ, ਅਵੇਸਲਾਪਨ, ਘ੍ਰਿਣਾ, ਲੜਾਈ, ਝਗੜੇ, ਈਰਖਾ, ਦ੍ਵੈਖ, ਹੰਕਾਰ, ਮਤਸਰ, ਮੂਰਖਾਂ ਦੀ ਸੰਗਤ, ਮੂੜ੍ਹਤਾ, ਇਹ ਸਾਰੀਆਂ ਚੀਜ਼ਾਂ ਅਜੇਹੀਆਂ ਹਨ ਜੇਹੜੀਆਂ ਮਨੁਖ ਨੂੰ ਮਨੁਖਤ੍ਵ ਤੋਂ ਵੀ ਡੇਗ ਦੇਂਦੀਆਂ ਹਨ।

੫੧. ਖੁਸ਼ਾਮਦੀਆਂ ਦੀਆਂ ਗਲਾਂ ਸੁਣ ਕੇ ਹੰਕਾਰ ਨਾ ਕਰ, ਨਹੀਂ ਤਾਂ ਜੋ ਕੁਝ ਤੇਰੇ ਹੱਥ ਵਿਚ ਹੈ ਉਸਨੂੰ ਗਵਾ ਬੈਠੇਂਗਾ, ਕਿਸੇ ਦੇ ਬੁਰਾ ਭਲਾ ਆਖਣ ਤੇ ਨਿਰਾਸ ਨ ਹੋ, ਨਹੀਂ ਤਾਂ ਆਪਣੇ ਆਦਰਸ਼ ਨੂੰ ਪ੍ਰਾਪਤ ਨਹੀਂ ਕਰ ਸਕੇਂਗਾ ।

੫੨. ਦਿਲ ਦੀ ਸਫਾਈ, ਸਚਾਈ ਤੇ ਨੇਕ ਨੀਯਤੀ ਨਾਲ ਭਲਿਆਈ ਦਾ ਕੀਤਾ ਨਿਕਾ ਜਿਹਾ ਕੰਮ ਆਯੂ ਭਰ ਦਿਖਾਵੇ ਲਈ ਕੀਤੇ ਨੇਕੀ ਦੇ ਕੰਮਾਂ ਨਾਲੋਂ ਹਜ਼ਾਰਾਂ ਗੁਣਾਂ ਚੰਗਾ ਹੈ ।

੫੩. ਨੇਕੀ ਤੇ ਉਪਕਾਰ ਦਾ ਥੋੜਾ ਕੰਮ ਵੀ ਅਣਮੁਲਾ ਕੰਮ ਹੈ।

੫੪. ਦ੍ਰਿੜ੍ਹਤਾ, ਸਚਾਈ, ਸਦਾਚਾਰ, ਮੇਹਨਤ ਤੇ ਸੰਤੋਖ ਨਾਲ ਆਦਮੀ ਇਸ ਦੁਨੀਆਂ ਵਿਚ ਵੀ ਆਰਾਮ ਪਾਉਂਦਾ ਹੈ ਤੇ ਅਗੋਂ ਵੀ ਐਸ਼੍ਵਰਜਵਾਨ ਹੁੰਦਾ ਹੈ।

੫੫. ਜੇਹੜਾ ਆਦਮੀ ਸੁਸਤੀ ਨਾਲ ਨੇਕੀ ਦੇ ਕੰਮਾਂ ਨੂੰ ਹਥੋਂ ਗਵਾ ਦਿੰਦਾ ਹੈ, ਉਹ ਉਸ ਨਾਦਾਨ ਵਾਂਗ ਹੈ ਜੋ ਦਰਯਾ ਦੇ ਕੰਡੇ ਤੇ ਬੈਠਕੇ ਆਪਣੀ ਪਿਆਸ ਨਹੀਂ ਬੁਝਾ ਸਕਦਾ, ਪਰੋਸੇ ਹੋਏ ਥਾਲ ਅਗੇ ਰਖ ਕੇ ਭੁਖ ਦੂਰ ਨਹੀਂ ਕਰਦਾ ਤੇ ਸੇਬ ਦਾ ਬੂਟਾ ਘਰ ਵਿਚ ਹੋਣ ਤੇ ਵੀ ਭੁਖ ਦੇ ਦੁਖ ਉਠਾਉਂਦਾ ਹੈ।



Sri Satguru Jagjit Singh Ji eLibrary NamdhariElibrary@gmail.com

੫੬. ਜਿਸ ਨੂੰ ਇਹ ਪਤਾ ਨਹੀਂ ਕਿ ਨੇਕੀ ਕੀ ਚੀਜ਼ ਹੈ, ਉਹ ਸਚਜਾਰ ਨਹੀਂ ਬਣਿਆ, ਉਹ ਆਪਣੇ ਬਜ਼ੁਰਗਾਂ ਦਾ ਸਤਿਕਾਰ ਨਹੀਂ ਕਰਦਾ, ਉਸਨੂੰ ਇਹ ਵੀ ਪਤਾ ਨਹੀਂ ਕਿ ਦੂਜਿਆਂ ਨਾਲ ਕਿਸ ਤਰ੍ਹਾਂ ਦਾ ਵਿਉਹਾਰ ਕਰਨਾ ਚਾਹੀਦਾ ਹੈ, ਉਹ ਪਸ਼ੂਆਂ ਵਾਂਗ ਸੰਸਾਰ ਵਿਚ ਫਿਰ ਤੁਰਨ ਨੂੰ ਜੰਮਿਆ ਹੈ।

੫੭. ਮੌਤ ਤੁਹਾਡੇ ਸਿਰ ਤੇ ਖੜ੍ਹੋਤੀ ਹੈ, ਤੇ ਅਚਨਚੇਤ ਉਸਨੇ ਦਬਾ ਲੈਣਾ ਹੈ, ਇਸ ਕਰਕੇ ਕਰਨ ਜੋਗੇ ਕੰਮ ਛੇਤੀ ਕਰ ਲੈ।

੫੮. ਦਿਲ ਨੂੰ ਬੁਰਾਈਆਂ ਤੋਂ ਦੂਰ ਰਖੋ। ਗੰਦੇ ਮੰਦੇ ਖਿਆਲ ਦਿਲ ਵਿਚ ਨਾ ਆਉਣ ਦੇਵੋ, ਕੁਵਾਸ਼ਨਾਂ ਨੂੰ ਰੋਕੋ, ਸੰਸਾਰਕ ਕੰਮਾਂ ਨੂੰ ਤਸੱਲੀ ਨਾਲ ਸਿਰੇ ਚਾੜ੍ਹੋ, ਭਗਤੀ ਵਿੱਚ ਮਨ ਨੂੰ ਲਾਈ ਰਖੋ, ਨਾਮ ਜਪੋ, ਆਪਣੇ ਆਪ ਨੂੰ ਮਨ ਦੀ ਖੋਜ ਵਿਚ ਰਖੋ।

੫੯. ਮਨੁਖ ਜਿਸ ਪਾਸੇ ਆਪਣੇ ਆਪ ਨੂੰ ਲਾਉਂਦਾ ਹੈ, ਉਸੇ ਤਰ੍ਹਾਂ ਦੇ ਖਿਆਲ ਇਹਦੇ ਦਿਲ ਵਿਚ ਉਤਪਨ ਹੁੰਦੇ ਰਹਿੰਦੇ ਹਨ, ਦਿਲ ਦੀ ਹਾਲਤ ਤਿਲਾਂ ਦੇ ਤੇਲ ਦੀ ਹੈ, ਜਿਸਤਰ੍ਹਾਂ ਦੇ ਫੁਲ ਇਹਦੇ ਵਿਚ ਸੁਟੋਗੇ ਉਸੇਤਰ੍ਹਾਂ ਦੀ ਖੁਸ਼ਬੋ ਉਹਦੀ ਹੋ ਜਾਏਗੀ। ਜਾਂ ਇਹਦੀ ਹਾਲਤ ਬਲੌਰ ਵਾਲੀ ਹੈ ਕਿ ਜਿਸ ਰੰਗ ਦੀ ਚੀਜ਼ ਉਹਦੇ ਸਾਹਮਣੇ ਲਿਆ ਕੇ ਰਖੋਗੇ ਉਸੇਤਰ੍ਹਾਂ ਦੇ ਰੰਗ ਬਲੌਰ ਵਿਚ ਦਿਸਣਗੇ।

੬੦. ਆਪਣੇ ਦਿਲ ਨੂੰ ਉਸ ਪਾਸੇ ਨਾ ਲਾਓ ਜਿਸਤੋਂ ਮੰਦੇ ਖਿਆਲ ਦਿਲ ਵਿਚ ਉਤਪੰਨ ਹੋਣ ਜਾਂ ਸੁਸਤੀ ਨਾਲ ਤੁਹਾਡਾ ਦਿਲ ਪ੍ਰਮਾਦੀ ਹੋ ਜਾਏ, ਹਮੇਸ਼ਾਂ ਆਪਣੇ ਦਿਲ ਨੂੰ ਭਲਾਈ ਤੇ ਨੇਕੀ ਦੇ ਕੰਮਾਂ ਵਿਚ ਲਾਉ ਸਭ ਤੋਂ ਵਡੀ ਨੇਕੀ 'ਨਾਮ' ਹੈ ਤਾਂ ਤੇ ਸਦਾ ਸਿਮਰਨ ਵਿਚ ਲਗੇ ਰਹੋ।

੬੧. ਉਹ ਹੀ ਲੋਕ ਪ੍ਰਸ਼ੰਸਾ ਯੋਗ ਹਨ ਜੋ ਮਨ ਬਚ ਕਰਮ ਕਰਕੇ ਕਿਸੇ ਦਾ ਬੁਰਾ ਨਹੀਂ ਚਿਤਵਦੇ।

੬੨. ਉਹ ਹੀ ਲੋਕ ਪ੍ਰਸ਼ੰਸਾ ਯੋਗ ਹਨ ਜਿਨ੍ਹਾਂ ਨੇ ਮੰਦੀਆਂ ਵਾਸ਼ਨਾਂ ਤੇ ਤ੍ਰਿਸ਼ਨਾਂ ਤੋਂ ਛੁਟਕਾਰਾ ਪਾ ਲਿਆ ਹੈ।

੬੩. ਸਭ ਤੋਂ ਚੰਗਾ ਗਹਿਣਾ ਹੈ, ਚੰਗਾ ਸੁਭਾਉ।

੬੪. ਆਵਾਗਉਣ ਦੀ ਬੀਮਾਰੀ ਦੀ ਦਵਾ ਹੈ, ਨਾਮ-ਜਪ।



Sri Satguru Jagjit Singh Ji eLibrary NamdhariElibrary@gmail.com

੬੫. ਨਰਕ ਕੀ ਹੈ ? ਬੁਰੀਆਂ ਆਦਤਾਂ ਵਿਚ ਫਸ ਜਾਣਾ ਤੇ ਫੇਰ ਛੁਟ ਨਾ ਸਕਣਾ ।

੬੬. ਸ੍ਵਰਗ ਕੀ ਹੈ ? ਆਪਣੇ ਮਨ ਤੇ ਕਾਬੂ ਪਾਣਾ ਤੇ ਵਾਹਿਗੁਰੂ ਜਸ ਵਿਚ ਪ੍ਰਵਿਰਤ ਹੋਣਾ ।

੬੭. ਵੈਰੀ ਕੌਣ ਹੈ ? ਮਨੁਖ ਦੇ ਆਪਣੇ ਖਿਆਲ ਤੇ ਕਰਮ ।

੬੮. ਮਿਤ੍ਰ ਕੌਣ ਹੈ ? ਚੰਗੇ ਕਰਮ ਤੇ ਚੰਗਾ ਸੁਭਾਉ ।

੬੯. ਸੁਤਾ ਕੌਣ ਹੈ ? ਜੋ ਪ੍ਰਮਾਰਥ ਨੂੰ ਭੁਲ ਗਿਆ ਹੈ ।

੭੦ ਜਾਗਦਾ ਕੌਣ ਹੈ ? ਜੋ ਵਾਹਿਗੁਰੂ ਨਾਲ ਪਿਆਰ ਕਰਦਾ ਹੈ ।

੭੧. ਬੰਧਨ ਕੀ ਹੈ ? ਵਿਸ਼ੇ ਵਾਸ਼ਨਾ ਦੀ ਅਧੀਨਤਾ ।

੭੨. ਸੁਖੀ ਕੌਣ ਹੈ ? ਜਿਸਨੂੰ ਨਾਮ ਦਾ ਆਧਾਰ ਹੈ ।

੭੩. ਮੁਬਾਜ ਕੌਣ ਹੈ ? ਜਿਸਦੀਆਂ ਲੋੜਾਂ ਵਧ ਰਹੀਆਂ ਹਨ ।

੭੪. ਧਨੀ ਕੌਣ ਹੈ ? ਜਿਸਨੂੰ ਸੰਤੋਖ ਹੋ ਗਿਆ ਹੈ ।

੭੫. ਮਰਕੇ ਦੁਖ ਦੇਣ ਵਾਲੀ ਕੇਹੜੀ ਚੀਜ਼ ਹੈ ? ਤ੍ਰਿਸ਼ਨਾ ।

੭੬. ਮੌਤ ਕੀ ਹੈ ? ਬਦਨਾਮੀ ।

੭੭. ਬੁਰਾ ਆਦਮੀ ਕੌਣ ਹੈ ? ਜੋ ਪੜ੍ਹਕੇ ਉਸਤੇ ਅਮਲ ਨਹੀਂ ਕਰਦਾ ।

੭੮. ਡੋਰਾ ਕੌਣ ਹੈ ? ਜੋ ਆਪਣੀ ਬੇਹਤਰੀ ਦੀ ਗਲ ਨਹੀਂ ਸੁਣਦਾ ।

੭੯. ਗੁੰਗਾ ਕੌਮ ਹੈ ? ਜੋ ਜੀਭ ਵਿਚ ਸ਼ਕਤੀ ਹੋਣ ਤੇ ਵੀ ਵਾਹਿਗੁਰੂ ਦਾ ਨਾਮ ਨਹੀਂ ਜਪਦਾ ਤੇ ਕਿਸੇ ਦੇ ਭਲੇ ਦੀ ਗਲ ਨਹੀਂ ਕਰਦਾ ।

੮੦. ਅੰਨ੍ਹਾਂ ਕੌਣ ਹੈ ? ਜੋ ਸਰਬ ਵਿਆਪਕ ਵਾਹਿਗੁਰੂ ਨੂੰ ਨਹੀਂ ਵੇਖਦਾ।

੮੧. ਵਰਤ ਕੀ ਹੈ ? ਬੁਰੀਆਂ ਵਾਸ਼ਨਾ ਵਲੋਂ ਮਨ ਨੂੰ ਰੋਕਣਾ ।

੮੨. ਬਚੋ– ਗੁਸੇ, ਹੰਕਾਰ, ਧੋਖਾ, ਕਿਸੇ ਨੂੰ ਨੁਕਸਾਨ ਪੁਚਾਣ ਤੇ ਵੈਰ ਵਿਰੋਧ ਤੋਂ ।

੮੩. ਕਿਰਾਏ ਦੇ ਮੁਕਾਨ ਤੇ ਲੋਕੀਂ ਲੋੜ ਤੋਂ ਵਧੀਕ ਧਿਆਨ ਨਹੀਂ ਦੇਂਦੇ ਤੇ ਨਾ ਹੀ ਜ਼ਰੂਰਤ ਤੋਂ ਵਧੀਕ ਰੁਪਿਆ ਖਰਚ ਕਰਦੇ ਹਨ । ਇਹ ਸਰੀਰ ਰੂਹ ਲਈ ਥੋੜ੍ਹੇ ਜੇਹੇ ਚਿਰ ਵਾਸਤੇ ਠਹਿਰਨ ਦਾ ਟਿਕਾਣਾ ਹੈ । ਨਿਰਾ ਇਸੇ ਦੇ ਬਣਾਓ ਸ਼ੰਗਾਰ ਵਿਚ ਲਗ ਜਾਣਾ ਦਾਨਾਈ ਨਹੀਂ ।

੮੪. ਇਹ ਸਰੀਰ ਮਿੱਟੀ ਦਾ ਕੱਚਾ ਬਰਤਨ ਹੈ, ਜਿਸ ਵਿਚੋਂ ਆਯੂ ਉਮਰ ਰੂਪੀ ਪਾਣੀ ਹਰ ਘੜੀ ਘਟ ਰਿਹਾ ਹੈ । ਜ਼ਿੰਦਗੀ ਦੇ ਜੇਹੜੇ ਚਾਰ ਦਿਨ ਬਾਕੀ ਹਨ, ਨਾਮ ਜਪ ਤੇ ਸੇਵਾ ਵਿਚ ਲਾ ਦੇਹ, ਇਹ ਹੀ ਇਨ੍ਹਾਂ ਦੀ ਯੋਗ ਵਰਤੋਂ ਹੈ ।



Sri Satguru Jagjit Singh Ji eLibrary NamdhariElibrary@gmail.com

੮੫. ਇਹ ਤੈਨੂੰ ਕਿਸ ਨੇ ਕਿਹਾ ਹੈ ਕਿ ਘਰ ਬਾਹਰ ਛਡ ਕੇ ਜੰਗਲ ਵਿਚ ਜਾ ਬੈਠਾ ? ਤੇਰ ਕਰਮ ਛੇਤਰ ਸੰਸਾਰ ਦੇ ਧੰਧਿਆਂ ਵਿਚ ਹੈ। ਇਨ੍ਹਾਂ ਵਿਚ ਰਹਿ ਕੇ ਵਾਹਿਗੁਰੂ ਦੀ ਪ੍ਰਾਪਤੀ ਕਰਨੀ ਤੇਰਾ ਪ੍ਰਯੋਜਨ ਹੈ, ਤੇਰੀ ਬੀਰਤਾ ਹੈ।

੮੬. ਮੂਰਖਤਾ, ਸ਼ਕ, ਝੂਠੇ ਨਿਸ਼ਚੇ, ਤ੍ਰਿਸ਼ਨਾ, ਵੈਰ, ਬੁਰੀ ਨੀਯਤ ਤੇ ਬਦਕਾਰੀ– ਇਹ ਚੀਜ਼ਾਂ ਰੂਹ ਨੂੰ ਸਾਫ਼ ਨਹੀਂ ਹੋਣ ਦੇਂਦੀਆਂ।

੮੭. ਸਰਬ ਨਾਲ ਪਿਆਰ ਦੀ ਵਰਤੋਂ, ਵਡਿਆਂ ਨਾਲ ਸਤਿਕਾਰ, ਦੁਖੀ ਅਤੇ ਲੋੜਵੰਦਾਂ ਨਾਲ ਹਿਤ ਤੇ ਉਦਾਰਤਾ ਨਾਲ ਸਲੂਕ ਕਰੋ।

੮੮. ਸਾਰਿਆਂ ਦਾ ਭਲਾ ਚਾਹੁਣਾ ਸੁਹਿਰਦਤਾ ਹੈ। ਦੁਖੀਆਂ ਦੀ ਸਹਾਇਤਾ ਕਰਨਾ ਨੇਕੀ ਹੈ। ਦੂਜਿਆਂ ਨੂੰ ਖੁਸ਼ ਵੇਖ ਕੇ ਸੁਖੀ ਹੋਣਾ ਮੁਦਤਾਂ ਅਖਵਾਉਂਦੀ ਹੈ।

੮੯. ਕੋਈ ਆਦਮੀ ਪਾਪ ਨਾ ਕਰੇ, ਕੋਈ ਦੁਖ ਨਾ ਪਾਏ, ਸਾਨੂੰ ਕਲਯਾਨ ਕਾਰੀ ਮਾਰਗ ਵਿਚ ਪ੍ਰਵਿਰਤ ਹੋਣਾ ਇਸ ਤਰ੍ਹਾਂ ਦੇ ਖਿਆਲ ਮੈਤਰੀ ਭਾਵਨਾ ਅਖਵਾਉਂਦੇ ਹਨ।

੯੦. ਅਨਾਥਾਂ ਦੀ ਸਹਾਇਤਾ, ਦੁਖੀਆਂ ਦੀ ਦਿਲਦਾਰੀ, ਡਰੇ ਹੋਇਆਂ ਦੀ ਤਸੱਲੀ, ਮੁਥਾਜਾਂ ਦੀ ਲੋੜ ਪੂਰੀ ਕਰਨਾ ਇਹ ਪ੍ਰਮਾਰਥੀ ਮਨੁੱਖ ਦੇ ਲਛਣ ਹਨ। ਉਹ ਹੀ ਲੋਕ ਪ੍ਰਸ਼ੰਸਾ ਯੋਗ ਹਨ, ਜਿਹਨਾਂ ਆਪਣੇ ਚਿਤ ਵਿਚ ਵਾਹਿਗੁਰੂ ਨੂੰ ਵਸਾ ਲਿਆ।

੯੧ ਉਹ ਹੀ ਲੋਕ ਪ੍ਰਸ਼ੰਸਾ ਯੋਗ ਹਨ ਜਿਨ੍ਹਾਂ ਤੇ 'ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥' ਦੀ ਧਾਰਨਾ ਧਾਰ ਲਈ ਹੈ।

੯੨. ਸੰਸਾਰ ਇਕ ਘਣਾ ਜੰਗਲ ਹੈ, ਇਸਤੋਂ ਬਾਹਰ ਨਿਕਲਣ ਦਾ ਰਾਹ ਗੁਪਤ ਹੈ, ਕਈ ਤਰ੍ਹਾਂ ਦੇ ਕਰਮ ਕਾਂਡ ਜਿਨ੍ਹਾਂ ਵਿਚ ਮਨੁਖ ਫਾਥਾ ਹੋਇਆ ਹੈ ਇਹ ਇਸ ਜੰਗਲ ਵਿਚ ਝਾੜੀਆਂ ਹਨ, ਇਥੋਂ ਦੇ ਪਦਾਰਥਾਂ ਦੇ ਮੋਹ ਨੇ ਇਹਦੇ ਰਾਹ ਨੂੰ ਹੋਰ ਵੀ ਹਨੇਰਾ ਕਰ ਦਿਤਾ ਹੈ, ਜਿਸਤੋਂ ਜੀਵ ਜਨਮਾਂ ਜਨਮਾਂਤਰਾਂ ਤੋਂ ਦੁਖ ਉਠਾ ਰਿਹਾ ਹੈ। ਨਾਮ-ਜਪ ਹੀ ਹਿਰਦੇ ਵਾਸਤੇ ਕਲਯਾਨਕਾਰੀ ਰਾਹ ਹੈ ਇਸ ਵਲ ਇਹ ਧਿਆਨ ਨਹੀਂ ਦੇਂਦਾ।

੯੩. ਸਰੀਰ ਉਸ ਖਿੜੇ ਹੋਏ ਫੁਲ ਵਾਂਗ ਹੈ,ਜੋ ਹਵਾ ਦੇ ਇਕ ਹੀ ਬੁਲੇ ਨਾਲ ਡਾਲੀ ਤੋਂ ਟੁਟ ਕੇ ਅਡ ਹੋ ਜਾਂਦਾ ਹੈ, ਕਰਮਾਂ ਦੇ ਇਕ ਨਿਕੇ ਜਹੇ ਝੁਟੇ ਨਾਲ ਅੱਚਨਚੇਤ



Sri Satguru Jagjit Singh Ji eLibrary NamdhariElibrary@gmail.com

ਰੂਹ ਸਰੀਰ ਨੂੰ ਛਡ ਜਾਂਦੀ ਹੈ. ਧਨ ਦੌਲਤ ਘਰ ਬਾਰ ਸਾਕ ਸੰਬੰਧੀ ਸਭ ਦਾ ਸਾਥ ਛੁਟ ਜਾਂਦਾ ਹੈ।

੯੪. ਮਾਲ ਧਨ ਦਾ ਪਿਆਰ, ਸੰਬੰਧੀਆਂ ਦਾ ਮੋਹ ਤੇ ਵਡਿਆਈ ਦੀ ਚਾਹ ਪ੍ਰਮਾਰਥ ਦੇ ਰਾਹ ਵਿਚ ਤਿਨ ਉਚੇ ਪਹਾੜ ਹਨ, ਇਨ੍ਹਾਂ ਨੂੰ ਲੰਘ ਕੇ ਹੀ ਅਬਚਲ ਨਗਰੀ ਵਿਚ ਪੁਜੀਦਾ ਹੈ।

੯੫. ਉਨ੍ਹਾਂ ਆਦਮੀਆਂ ਦੀ ਦਸ਼ਾ ਤਰਸਯੋਗ ਹੈ ਜਿਨ੍ਹਾਂ ਨੂੰ "ਵਾਹਿਗੁਰੂ" ਤਾਰਕ ਮੰਤਰ ਹੋਣ ਦੀ ਸੋ ਪੈ ਚੁਕੀ ਹੈ ਪਰ ਫਿਰ ਵੀ ਸੰਸਾਰਕ ਪਦਾਰਥਾਂ ਦਾ ਮੋਹ ਉਨ੍ਹਾਂ ਨੂੰ ਇਸ ਪਾਸੇ ਨਹੀਂ ਲਗਣ ਦੇਂਦਾ।

੯੬. ਸਰੀਰ, ਦਿਲ, ਤੇ ਜੀਭ ਇਨ੍ਹਾਂ ਤਿੰਨਾਂ ਤੋਂ ਹੋਣ ਵਾਲੇ ਪਾਪਾਂ ਤੋਂ ਮਨੁੱਖ ਨੂੰ ਆਪ ਹੀ ਤਕਲੀਫ ਉਠਾਣੀ ਪੈਂਦੀ ਹੈ, ਜੇ ਇਨ੍ਹਾਂ ਨੂੰ ਕਾਬੂ ਵਿਚ ਰਖ ਸਕੇ ਤਦ ਸੰਸਾਰ ਨੂੰ ਵੀ ਤਕਲੀਫ਼ ਤੋਂ ਬਚਾ ਸਕਦਾ ਹੈ।

੯੭. ਸਚਾਈ ਦਾ ਮਾਰਗ ਲੁਕਿਆ ਨਹੀਂ ਗੁਰੂ, ਨਾਨਕ ਦੇਵ ਜੀ ਨੇ ਉਚੇ ਚੜ੍ਹ ਕੇ ਢੰਡੋਰਾ ਦੇ ਦਿਤਾ ਹੈ ਜੇ ਹੁਣ ਵੀ ਮਨੁੱਖ ਉਸ ਰਾਹ ਨਾ ਪਏ ਤਦ ਇਹ ਹੀ ਕਿਹਾ ਜਾਏਗਾ ਕਿ :–

'ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥'

੯੮. ਲੋਹਾ ਅਗਨੀ ਦੀ ਸੰਗਤ ਨਾਲ ਗਰਮ ਹੁੰਦਾ ਹੈ, ਇਸ ਕਰਕੇ ਉਸਨੂੰ ਹਥੋੜਿਆਂ ਨਾਲ ਮਾਰ ਖਾਣੀ ਪੈਂਦੀ ਹੈ, ਜੀਵਾਤਮਾ ਸੰਸਾਰਕ ਵਾਸ਼ਨਾਂ ਦੇ ਵਿਚ ਫਾਥਾ ਜਨਮਾਂ ਜਨਮਾਂਤਰਾ ਤੋਂ ਮਾਰ ਖਾਂਦਾ ਆ ਰਿਹਾ ਹੈ, ਪਤਾ ਨਹੀਂ ਇਸਨੂੰ ਕਦ ਹੋਸ਼ ਆਵੇਗੀ।

ਸੋ ਬਚੋ ਉਨਾਂ ਚੀਜਾਂ ਤੋਂ ਜਿਹਨਾਂ ਦੇ ਮਿਲਾਪ ਤੇ ਵਰਤੋਂ ਤੋਂ ਤੁਹਾਡੇ ਮਨ ਵਿਚ ਵਿਕਾਰ ਉਤਪਨ ਹੋਣ।

੯੯. ਗ਼ੁਲਾਮ ਕੌਣ ਹੈ? ਮਨ ਦੇ ਅਧੀਨ ਮਨੁਖ।
ਤੇ ਸੁਤੰਤਰ ਕੌਣ ਹੈ? ਜਿਸ ਨੇ ਮਨ ਤੇ ਕਾਬੂ ਪਾ ਲਿਆ।

੧੦੦. ਤਲਵਾਰ ਦਾ ਜ਼ਖਮ ਮਿਲ ਜਾਇਗਾ, ਬੰਦੂਕ ਦੀ ਗੋਲੀ ਦਾ ਫਟ ਭਰ ਜਾਏਗਾ ਪਰ ਕੌੜੇ ਵਾਕਾਂ ਦਾ ਜ਼ਖਮ ਕਦੇ ਨਹੀਂ ਮਿਲਦਾ, ਇਸ ਕਰਕੇ ਕਬੋਲ ਨਾ ਬੋਲ। ਦੁਨੀਆਂ ਵਿਚ ਤਖਤ ਤੇ ਕੌਣ ਬਿਠਾਂਦੀ ਹੈ? ਜ਼ੁਬਾਨ।
ਦੁਨੀਆਂ ਵਿਚ ਤਖਤੇ ਤੇ ਕੌਣ ਲਿਟਾਂਦੀ ਹੈ? ਜ਼ੁਬਾਨ।



Sri Satguru Jagjit Singh Ji eLibrary NamdhariElibrary@gmail.com

PL-0156

Sri Satguru Jagjit Singh Ji eLibrary NamdhariElibrary@gmail.com

*With Best Compliments*

*from :*

# S. Atam Singh Kohli & Bros.

*Importers & Exporters*

350/54 Katha Bazar,

BOMBAY-9.

**Phone : 3 2 4 4 5 9**

**Res. : 5 3 2 1 3 8**